PUNJAB VIDHAN SABHA

Friday, the 13 March, 2015

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.

OBITUARY REFERENCES

ਮਾਨਯੋਗ ਸਪੀਕਰ : ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਅੱਜ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿਛੜ ਗਈਆਂ ਹਨ। ਅੱਜ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਏ ਹਾਂ।

ਸਰਦਾਰ ਜਸਜੀਤ ਸਿੰਘ ਜੀ ਰੰਧਾਵਾ, ਸਾਬਕਾ ਮੰਤਰੀ, ਪੰਜਾਬ, ਸਾਨੂੰ ਮਿਤੀ 18 ਫਰਵਰੀ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 13 ਜੂਨ, 1947 ਨੂੰ ਪਿੰਡ ਲਾਖਾ ਸਿੰਘ ਵਾਲਾ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਹੋਇਆ। ਉਹ ਸ਼੍ਰੀ ਹਰਚਰਨ ਸਿੰਘ ਬਰਾੜ, ਮੁੱਖ ਮੰਤਰੀ ਦੇ ਸੇਵਾ ਕਾਲ ਦੌਰਾਨ 1995-96 ਤੱਕ ਕੈਬਨਿਟ ਮੰਤਰੀ ਰਹੇ। ਉਹ ਸਾਲ 1992 ਅਤੇ ਸਾਲ 2002 ਵਿੱਚ ਕਾਂਗਰਸ ਦੇ ਉਮੀਦਵਾਰ ਵਜੋਂ ਹਲਕਾ ਘਨੌਰ ਤੋਂ ਵਿਧਾਇਕ ਚੁਣੇ ਗਏ। ਉਨ੍ਹਾਂ ਨੇ ਹਲਕਾ ਘਨੌਰ ਦੇ ਵਿਕਾਸ ਲਈ ਬਹੁਤ ਕੰਮ ਕੀਤਾ।

ਸ਼੍ਰੀਮਤੀ ਪ੍ਰਸੰਨੀ ਦੇਵੀ, ਸਾਬਕਾ ਵਿਧਾਇਕ, ਸੰਯੁਕਤ ਪੰਜਾਬ ਵੀ ਸਾਨੂੰ ਮਿਤੀ 14 ਜਨਵਰੀ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 10 ਅਗਸਤ, 1931 ਨੂੰ ਸੀਂਖ ਵਿਖੇ ਹੋਇਆ। ਉਨ੍ਹਾਂ ਨੇ ਬੱਚਿਆਂ ਅਤੇ ਇਸਤਰੀਆਂ ਦੀ ਭਲਾਈ ਲਈ ਕੰਮ ਕੀਤਾ। ਉਹ ਪੰਜਾਬ ਅਤੇ ਹਰਿਆਣਾ ਵਿਧਾਨ ਸਭਾ ਦੇ 15 ਸਾਲ (1962 ਤੋਂ 1977) ਤੱਕ ਮੈਂਬਰ ਰਹੇ। ਉਹ ਸਾਲ 1966 ਤੋਂ 2000 ਤੱਕ ਹਰਿਆਣਾ ਇਸਤਰੀ ਕਾਂਗਰਸ ਦੀ ਪ੍ਰਧਾਨ ਰਹੇ। ਉਹ ਸਾਲ 2000 ਤੋਂ 2002 ਤੱਕ ਆਲ ਇੰਡੀਆ ਇਸਤਰੀ ਕਾਂਗਰਸ ਦੀ ਜਨਰਲ ਸਕੱਤਰ ਅਤੇ 2000 ਤੋਂ ਮਰਨ ਤੱਕ ਐਚ.ਪੀ.ਸੀ.ਸੀ. ਦੇ ਉਪ ਪ੍ਰਧਾਨ ਰਹੇ।

ਸਰਵਸ਼੍ਰੀ ਟੇਕ ਸਿੰਘ ਜੀ, ਜੁਗਰਾਜ ਸਿੰਘ ਜੀ, ਨਾਜ਼ਰ ਸਿੰਘ ਜੀ, ਬਸੰਤ ਸਿੰਘ ਜੀ, ਕਰਨੈਲ ਸਿੰਘ ਜੀ, ਓਮ ਪ੍ਰਕਾਸ਼ ਸ਼ਰਮਾ ਜੀ, ਦੇਸ ਰਾਜ ਜੀ, ਆਤਮਾ ਸਿੰਘ ਜੀ, ਜੋਗਿੰਦਰ ਸਿੰਘ ਜੀ, ਮੋਹਿੰਦਰ ਸਿੰਘ ਜੀ, ਮੁਬਾਰਕ ਸਿੰਘ

[ਮਾਨਯੋਗ ਸਪੀਕਰ]

ਜੀ ਅਤੇ ਸੰਪੂਰਨ ਸਿੰਘ ਜੀ, ਸਾਰੇ ਸੁਤੰਤਰਤਾ ਸੰਗਰਾਮੀ ਵੀ ਸਾਨੂੰ ਸਭਨਾਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਸਾਰੇ ਸੁਤੰਤਰਤਾ ਸੰਗਰਾਮੀਆਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਵਿੱਚ ਆਪਣਾ-ਆਪਣਾ ਯੋਗਦਾਨ ਪਾਇਆ। ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਆਜ਼ਾਦੀ ਦਾ ਅੱਜ ਨਿੱਘਾ ਆਨੰਦ ਮਾਣ ਰਹੇ ਹਾਂ ਅਤੇ ਅਸੀਂ ਉਨ੍ਹਾਂ ਨੂੰ ਕਦੇ ਵੀ ਭੁਲਾ ਨਹੀਂ ਸਕਦੇ।

ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲੇ ਵੀ ਸਾਨੂੰ ਮਿਤੀ 1 ਜਨਵਰੀ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਸਾਲ 1937 ਵਿੱਚ ਪਿੰਡ ਭਰਤਗੜ੍ਹ, ਜ਼ਿਲ੍ਹਾ ਰੋਪੜ ਵਿਖੇ ਹੋਇਆ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਲੋੜਵੰਦਾਂ ਨੂੰ ਸਿੱਖਿਆ, ਖੇਡਾਂ ਤੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਅਤੇ ਗਰੀਬਾਂ ਦੀ ਸਹਾਇਤਾ ਕਰਨ ਲਈ ਸਮਰਪਿਤ ਕੀਤਾ। ਉਨ੍ਹਾਂ ਨੇ ਆਪਸੀ ਸਦਭਾਵਨਾ, ਸ਼ਾਂਤੀ, ਧਾਰਮਿਕ ਸਹਿਣਸ਼ੀਲਤਾ, ਸਮਾਜ ਸੇਵਾ ਅਤੇ ਭਾਈਚਾਰਕ ਸਾਂਝ ਨੂੰ ਬੜ੍ਹਾਵਾ ਦੇਣ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਲੋਕਾਂ ਨੂੰ ਗੁਰੂ ਸਾਹਿਬਾਨ ਅਤੇ ਬਾਣੀ ਦੇ ਲੜ ਲੱਗਣ ਲਈ ਪ੍ਰੇਰਿਤ ਕੀਤਾ।

ਸੰਤ ਬਾਬਾ ਸੁਰਿੰਦਰ ਸਿੰਘ, ਮੁਖੀ, ਕਾਹਨਾ ਢੇਸੀਆਂ ਵੀ ਸਾਨੂੰ ਮਿਤੀ 4 ਮਾਰਚ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਸੰਤ ਤਰਲੋਕ ਸਿੰਘ ਸਤਸੰਗ ਘਰ ਅਤੇ ਚੈਰੀਟੇਬਲ ਟਰੱਸਟ ਦੇ ਵੀ ਮੁਖੀ ਸਨ। ਉਨ੍ਹਾਂ ਨੇ ਸਾਲ 2009 ਵਿੱਚ ਸੰਤ ਗੁਰਮੇਲ ਸਿੰਘ ਜੀ ਤੋਂ ਗੱਦੀ ਪ੍ਰਾਪਤ ਕੀਤੀ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਸਮਾਜ ਭਲਾਈ ਦੇ ਕੰਮਾਂ ਵਿੱਚ ਬਤੀਤ ਕੀਤਾ।

ਸਰਦਾਰ ਤੇਜਿੰਦਰ ਸਿੰਘ ਕੋਹਲੀ, ਉੱਘੇ ਪੱਤਰਕਾਰ ਵੀ ਸਾਨੂੰ ਮਿਤੀ 7 ਜਨਵਰੀ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 19 ਸਤੰਬਰ, 1948 ਨੂੰ ਜਲੰਧਰ ਵਿਖੇ ਹੋਇਆ। ਉਹ 50 ਸਾਲਾਂ ਤੱਕ ਪੱਤਰਕਾਰੀ ਨਾਲ ਜੁੜੇ ਰਹੇ। ਉਹ ਅਕਾਲੀ ਪੱਤ੍ਰਿਕਾ, ਜਲੰਧਰ ਤੋਂ accredited ਪੱਤਰਕਾਰ ਸਨ।

ਸ਼੍ਰੀ ਵਿਨੋਦ ਮਹਿਤਾ, ਉੱਘੇ ਪੱਤਰਕਾਰ ਵੀ ਸਾਨੂੰ ਮਿਤੀ 8 ਮਾਰਚ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ 1941 ਵਿੱਚ ਰਾਵਲਪਿੰਡੀ, ਪਾਕਿਸਤਾਨ ਵਿਖੇ ਹੋਇਆ। ਉਹ 73 ਸਾਲਾਂ ਦੇ ਸਨ। ਉਨ੍ਹਾਂ ਨੇ ਮੀਨਾ ਕੁਮਾਰੀ

ਅਤੇ ਸੰਜੇ ਗਾਂਧੀ ਦੀ ਜੀਵਨੀ ਲਿਖੀ ਜੋ ਕਿ ਸਾਲ 2001 ਵਿੱਚ ਪ੍ਰਕਾਸ਼ਿਤ ਹੋਈ। ਉਹ ਫਰਵਰੀ, 2012 ਤੱਕ Outlook ਰਸਾਲੇ ਦੇ ਮੁੱਖ ਸੰਪਾਦਕ ਰਹੇ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖਸੀਅਤਾਂ ਦੇ ਪਦ ਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਇਨ੍ਹਾਂ ਸ਼ਖਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀ ਕਲਾ ਵਿਚ ਰੱਖੇ ਅਤੇ ਭਾਣਾ ਮੰਨਣ ਦਾ ਬਲ ਬਖਸ਼ੇ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣਗੇ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਇਸ ਵਿੱਚ ਇਨਕਲੂਡ ਕਰਨ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ..

ਮਾਨਯੋਗ ਸਪੀਕਰ : ਮੈਂ ਕਿਹਾ ਜੀ ਜਦੋਂ ਤੁਹਾਨੂੰ ਟਾਈਮ ਦੇ ਦਿਆਂਗਾ, ਉਦੋਂ ਕਹਿ ਲੈਣਾ। ਹੁਣ ਤੁਸੀਂ ਬੈਠ ਜਾਉ।

ਮੇਰੀ ਇਕ ਬੇਨਤੀ ਹੈ, ਮੈਂ ਚਾਹੁੰਦਾ ਸੀ, ਪਰ ਪਤਾ ਨਹੀਂ ਇਹ ਕਿਸ ਹਾਲਤ ਵਿਚ ਇਸ ਤਰ੍ਹਾਂ ਹੋ ਗਿਆ। ਅਸਲ ਵਿੱਚ ਮੈਂ ਚਾਹੁੰਦਾ ਹਾਂ ਕਿ ਸਦਨ ਦੀ ਪਵਿੱਤਰਤਾ ਤਾਂ ਇਸੇ ਗੱਲ ਵਿਚ ਸੀ ਕਿ ਪੁਲੀਟੀਕਲ ਤੌਰ ਤੇ ਐਮ.ਐਲ.ਏਜ਼, ਐਮ.ਪੀ. ਜਾਂ ਜੇਕਰ ਕਿਤੇ ਕੋਈ ਭੂਚਾਲ ਆ ਜਾਵੇ ਜਾਂ ਅਜਿਹੀ ਕੋਈ ਗੱਲ ਵਾਪਰ ਜਾਵੇ ਤਾਂ ਉਸ ਦਾ ਵਰਣਨ ਇਸ ਸਦਨ ਵਿੱਚ ਹੋਵੇ। ਇਥੇ ਸਦਨ ਵਿੱਚ ਸੁਤੰਤਰਤਾ ਸੰਗਰਾਮੀਆਂ ਦਾ ਵਰਣਨ ਹੋਵੇ ਲੇਕਿਨ ਪਤਾ ਨਹੀਂ ਇਹ ਪ੍ਰਥਾ ਕਿਵੇਂ ਚਲ ਪਈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, Sir, you are the chief arbiter of the House. ਇਹ ਤੁਸੀਂ ਹੀ ਡਿਸਾਈਡ ਕਰੋਗੇ। ਪਰ, ਸਪੀਕਰ ਸਾਹਿਬ, ਮੇਰੀ ਇਕ ਸਬਮਿਸ਼ਨ ਹੈ ਕਿ death is a great leveler. ਇਹ ਸਾਰਿਆਂ ਨੂੰ ਹੀ ਆਉਣੀ ਹੈ। ਸਾਡਾ ਪੰਜਾਬੀ ਭਾਈਚਾਰਾ, ਸਭਿਆਚਾਰ ਜਿਹੜਾ ਹੈ, ਇਹ ਬਹੁਤ ਵਧੀਆ ਹੈ ਪਰ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਮੌਤ ਦੇ ਬਾਰੇ ਵੀ ਇਸ ਤਰ੍ਹਾਂ ਦੀ ਰਾਜਨੀਤੀ ਹੋਵੇ, ਜਿਸ ਤਰ੍ਹਾਂ ਸਰਦਾਰ ਜਸਜੀਤ ਸਿੰਘ ਰੰਧਾਵਾ ਜੀ ਬਾਰੇ ਜੋ ਕੁਝ ਹੋਇਆ ਹੈ, ਮੈਂ ਸਮਝਦਾ ਹਾਂ ਕਿ ਉਹ ਬਹੁਤ ਹੀ ਕੰਡੈਮਨੇਬਲ ਹੈ, ਬੜਾ ਨਿੰਦਣਯੋਗ ਹੈ। ਮੈਂ ਚਾਹਾਂਗਾ ਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਇਸ ਉਤੇ ਕੋਈ ਬਿਆਨ ਦੇਣ। ਦੂਸਰਾ, ਸਪੀਕਰ ਸਾਹਿਬ, ਮੈਂ ਤੁਹਾਡੇ ਨਾਲ ਬਿਲਕੁਲ ਸਹਿਮਤ ਹਾਂ ਕਿ ਇਹ ਸ਼ੋਕ ਮਤੇ should be confined only to political personalities associated with this House. ਪਰੰਤੂ, ਸਪੀਕਰ ਸਾਹਿਬ, ਜਦੋਂ ਤੁਸੀਂ ਅੱਜ ਦੀ ਲਿਸਟ ਵਿੱਚ ਇਹ ਇਨਕਲੂਡ ਕਰ ਲਏ, ਜਿਵੇਂ ਅੱਜ ਸਪੀਕਰ ਸਾਹਿਬ, ਬੀ.ਜੇ.ਪੀ. ਦੇ ਮਨਿਸਟਰ ਸਾਹਿਬਾਨ ਬੈਠੇ ਨਹੀਂ ਹਨ, I believe they have boycotted, there is a background to it…..

ਮਾਨਯੋਗ ਸਪੀਕਰ : ਜੇਕਰ ਕੋਈ ਨਾਂ ਰਹਿ ਗਿਆ ਹੈ ਤਾਂ ਤੁਸੀਂ ਦੱਸੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, 15 ਫਰਵਰੀ ਨੂੰ ਫਾਜ਼ਿਲਕਾ ਦੇ ਵਿਚ ਚਾਰ ਹਥਿਆਰਬੰਦ ਬਦਮਾਸ਼ਾਂ ਨੇ.. (ਵਿਘਨ)..

ਮਾਨਯੋਗ ਸਪੀਕਰ : ਇਹ ਤੁਸੀਂ ਬਾਅਦ ਵਿੱਚ ਕਹਿ ਲੈਣਾ । ਹੁਣ ਨਹੀਂ । ..(ਵਿਘਨ).. ਮੈਨੂੰ ਹੁਣ ਕੰਪਲੀਟ ਕਰ ਲੈਣ ਦਿਉ । ਜਦੋਂ ਤੁਹਾਨੂੰ ਬੋਲਣ ਲਈ ਟਾਈਮ ਦਿੱਤਾ ਜਾਵੇਗਾ, ਉਸ ਸਮੇਂ ਤੁਸੀਂ ਕਹਿ ਲੈਣਾ।

ਸ਼੍ਰੀ ਸੁਨੀਲ ਜਾਖੜ : ਉਸ ਬੱਚੇ ਨੇ ਸੋਸ਼ਲ ਸਰਵਿਸ ਵਾਸਤੇ ਆਪਣੀ ਜਾਨ ਕੁਰਬਾਨ ਕੀਤੀ। ਉਹ ਇੱਕ ਟੀਚਰ ਹੈ ਪਰ ਉਹ ਇੱਕ ਕੁਲੀ ਦਾ ਬੇਟਾ ਹੈ । ਕੁਲੀ ਦੇ ਬੱਚੇ ਨੇ ਪੜ੍ਹ ਕੇ ਨੌਕਰੀ ਹਾਸਲ ਕੀਤੀ। ਉਸ ਨੇ ਇੱਕ ਬਜ਼ੁਰਗ ਨੂੰ ਬਚਾਉਣ ਵਾਸਤੇ ਆਪਣੀ ਜਾਨ ਕੁਰਬਾਨ ਕੀਤੀ । ਉਸ ਨੂੰ ਬਦਮਾਸ਼ਾਂ ਨੇ ਗੋਲੀ ਮਾਰ ਦਿੱਤੀ। In fact, we had requested, his name should be referred for National Award. ਨੈਸ਼ਨਲ ਐਵਾਰਡ ਲਈ ਉਸ ਦੇ ਨਾਂ ਦੀ ਰਿਕੁਮੈਂਡੇਸ਼ਨ ਕੀਤੀ ਜਾਵੇ। ਬਾਅਦ ਵਿੱਚ ਜਿਆਨੀ ਸਾਹਿਬ, ਮੰਤਰੀ ਜੀ ਵੀ

ਜਾ ਕੇ ਇਸ ਸੰਬੰਧੀ ਰੈਫਰ ਕਰਕੇ ਆਏ ਸਨ। He had gone and said that. ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹੋ ਜਿਹੇ ਬੰਦਿਆਂ ਦੇ ਨਾਵਾਂ ਨੂੰ ਇਸ ਲਿਸਟ ਵਿਚ ਜ਼ਰੂਰ ਇਨਕਲੂਡ ਕਰਨਾ ਚਾਹੀਦਾ ਹੈ। I think they are an example for the Society. ਬੱਚੇ ਦਾ ਨਾਮ ਸੰਦੀਪ ਨਾਰੰਗ ਸੀ ਅਤੇ ਰੇਲਵੇ ਸਟੇਸ਼ਨ ਤੇ ਕੁਲੀ ਦਾ ਕੰਮ ਕਰਦੇ ਵਿਅਕਤੀ ਨੇ ਆਪਣੇ ਬੱਚੇ ਨੂੰ ਪੜ੍ਹਾ ਕੇ ਟੀਚਰ ਬਣਾਇਆ। ਉਸ ਦਾ ਨਾਂ ਬਿਲਕੁਲ ਇਨਕਲੂਡ ਕੀਤਾ ਜਾਵੇ and his name should be recommended for National Bravery Award.

ਮਾਨਯੋਗ ਸਪੀਕਰ : ਨਹੀਂ, ਨਹੀਂ ।

ਸ਼੍ਰੀ ਸੁਨੀਲ ਜਾਖੜ : ਮੈਂ ਇਸ ਬਾਰੇ ਸੀ. ਐਮ. ਸਾਹਿਬ ਨੂੰ ਰਿਕੁਐਸਟ ਕਰਾਂਗਾ।

ਮਾਨਯੋਗ ਸਪੀਕਰ : ਇਹ ਪੀਰੀਅਡ ਕੋਈ ਡਿਸਕਸ਼ਨ ਦਾ ਨਹੀਂ ਹੈ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ ਦੇ ਪੋਤਰੇ ਦੀ ਡੈਥ ਹੋਈ ਹੈ, ਕਿਰਪਾ ਕਰਕੇ ਉਨ੍ਹਾਂ ਦਾ ਨਾਂ ਵੀ ਇਨਕਲੂਡ ਕਰ ਲਿਆ ਜਾਵੇ । ਇਸ ਦੇ ਨਾਲ ਹੀ ਅਸੀਂ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਨੂੰ ਸ਼ਰਧਾਂਜਲੀ ਦਿੱਤੀ ਹੈ। ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਬਹੁਤ ਵੱਡੀ ਪਰਸਨੈਲਟੀ ਸਨ, ਉਨ੍ਹਾਂ ਦੀ ਕੋਈ ਯਾਦਗਾਰ ਬਣਾਈ ਜਾਵੇ।

ਮਾਨਯੋਗ ਸਪੀਕਰ : ਜਿਸ ਤਰ੍ਹਾਂ ਹਾਊਸ ਚਾਹੁੰਦਾ ਹੈ, ਮੈਨੂੰ ਕੀ ਇਤਰਾਜ਼ ਹੈ। ਠੀਕ ਹੈ ਜੀ, ਇਸ ਤਰ੍ਹਾਂ ਕਰ ਲਿਆ ਜਾਵੇ।

ਸ਼੍ਰੀ ਸੁਨੀਲ ਜਾਖੜ : ਮੁੱਖ ਮੰਤਰੀ ਜੀ, ਰੰਧਾਵਾ ਸਾਹਿਬ ਬਾਰੇ ਵੀ ਕੋਈ ਬਿਆਨ ਦੇਣ।

ਮੁੱਖ ਮੰਤਰੀ (ਬੈਠੇ-ਬੈਠੇ) : ਮੈਂ ਹੁਣ ਤਾਂ ਕੋਈ ਬਿਆਨ ਨਹੀਂ ਦੇਣਾ । ਅਫ਼ਸੋਸ ਕਰ ਲਿਆ ਜਾਵੇ।

ਹੁਣ ਮੈਂ, ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਮੋਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਮੂਹ ਸਦਨ ਨੇ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਖੜ੍ਹੇ ਹੋ ਕੇ ਦੋ ਮਿੰਟ ਲਈ ਮੋਨ ਧਾਰਨ ਕੀਤਾ।)

Mr. Speaker : Thank you.

ਮਾਨਯੋਗ ਸਪੀਕਰ : ਹੁਣ ਸਦਨ ਸੋਮਵਾਰ, ਮਿਤੀ 16 ਮਾਰਚ, 2015 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੁੰਦਾ ਹੈ।

*10.12 ਵਜੇ ਪੂਰਵ ਦੁਪਹਿਰ) (*ਇਸ ਉਪਰੰਤ ਸਦਨ ਸੋਮਵਾਰ, ਮਿਤੀ 16 ਮਾਰਚ, 2015 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

Published under the authority of the Punjab Vidhan Sabha and typesetting & printed by the Controller, Printing & Stationery, Punjab at Punjab Govt. Press, S.A.S. Nagar.

PGP, Mohali/8622/03-2015 (1)

PUNJAB VIDHAN SABHA

DEBATES

Friday, the 13th March, 2015

Vol. X – No. 1

OFFICIAL REPORT

CONTENTS

Obituary References	(1) 1

Punjab Vidhan Sabha Secretariat, Chandigarh

Price : Rs.__________.